# ਅਸੀਂ ਇੱਕ ਨਵੇਂ ਇਲੈਕਟ੍ਰਾਨਿਕ ਹੈਲਥ ਰਿਕਾਰਡ ਸਿਸਟਮ ਵਿੱਚ ਜਾ ਰਹੇ ਹਾਂ

15 ਜੂਨ, 2024 ਤੋਂ ਸ਼ੁਰੂ ਕਰਦੇ ਹੋਏ, ਰਿਚਮੰਡ ਹਸਪਤਾਲ ਅਤੇ ਚਾਰ VCH ਕਮਿਊਨਿਟੀ ਸਾਈਟਾਂ ਦੇਖਭਾਲ ਦੀ ਸੁਰੱਖਿਆ, ਗੁਣਵੱਤਾ ਅਤੇ ਇਕਸਾਰਤਾ ਨੂੰ ਵਧਾਉਣ ਲਈ ਪੁਰਾਣੇ ਸਿਸਟਮਾਂ ਅਤੇ ਕਾਗਜ਼-ਅਧਾਰਿਤ ਚਾਰਟਾਂ ਤੋਂ ਇੱਕ ਇਲੈਕਟ੍ਰਾਨਿਕ ਹੈਲਥ ਰਿਕਾਰਡ ਸਿਸਟਮ ਵਿੱਚ ਤਬਦੀਲ ਹੋ ਜਾਣਗੀਆਂ।



**ਸਾਡਾ ਧਿਆਨ ਤੁਹਾਨੂੰ ਮਿਆਰੀ ਦੇਖਭਾਲ ਮੁਹੱਈਆ ਕਰਨ 'ਤੇ ਬਣਿਆ ਰਹੇਗਾ।**



## ਜੇਕਰ ਤੁਸੀਂ ਜੂਨ ਅਤੇ ਅਗਸਤ 2024 ਵਿਚਕਾਰ ਹਸਪਤਾਲ ਜਾਂ ਕਲੀਨਿਕ ਜਾ ਰਹੇ ਹੋ:

- ਜਿਸ ਦੌਰਾਨ ਅਸੀਂ ਨਵੀਂ ਪ੍ਰਣਾਲੀ ਦੀ ਆਦਤ ਪਾ ਰਹੇ ਹਾਂ ਤੁਹਾਨੂੰ ਸੇਵਾਵਾਂ ਵਿੱਚ ਦੇਰੀ ਦਾ ਅਨੁਭਵ ਹੋ ਸਕਦਾ ਹੈ
- ਰਜਿਸਟ੍ਰੇਸ਼ਨ ਲਈ ਵਾਧੂ ਸਮਾਂ ਦੇਣ ਵਾਸਤੇ ਕਿਰਪਾ ਕਰਕੇ ਆਪਣੀ ਅਪਾਇੰਟਮੈਂਟ ਲਈ ਜਲਦੀ ਪਹੁੰਚੋ
- ਇਸ ਸਮੇਂ ਦੌਰਾਨ ਤੁਹਾਡੇ ਸਬਰ ਲਈ ਤੁਹਾਡਾ ਧੰਨਵਾਦ

## ਕੁਝ ਤਬਦੀਲੀਆਂ ਜੋ ਸ਼ਾਇਦ ਤੁਸੀਂ ਦੇਖ ਸਕਦੇ ਹੋ:

- ਨਵੀਂ ਪ੍ਰਣਾਲੀ ਨੂੰ ਸਿੱਖਣ ਲਈ ਦੇਖਭਾਲ ਪ੍ਰਦਾਤਾਵਾਂ ਦੀ ਸਿਖਲਾਈ
- ਕਲੀਨਿਕ ਵਿੱਚ ਨਵੇਂ ਉਪਕਰਣ, ਜਿਵੇਂ ਕਿ ਪਹੀਆਂ ਵਾਲੇ ਕੰਪਿਊਟਰ
- ਸਾਈਟ 'ਤੇ ਵਾਧੂ ਸਹਾਇਕ ਸਟਾਫ਼



## ਨਵੀਂ ਪ੍ਰਣਾਲੀ ਦੇ ਸੰਭਾਵੀ ਲਾਭ:

- ਦੇਖਭਾਲ ਕਰਨ ਵਾਲੀਆਂ ਟੀਮਾਂ ਕੋਲ ਉਹਨਾਂ ਲਈ ਲੋੜੀਂਦੀ ਜਾਣਕਾਰੀ ਤੱਕ ਸਿੱਧੀ ਪਹੁੰਚ ਹੋਵੇਗੀ
- ਜਾਣਕਾਰੀ ਨੂੰ ਦੁਹਰਾਉਣ ਜਾਂ ਡੁਪਲੀਕੇਟ ਟੈਸਟ ਕਰਵਾਉਣ ਵਿੱਚ ਲੱਗਣ ਵਾਲਾ ਸਮਾਂ ਬਚੇਗਾ
- ਸੁਰੱਖਿਅਤ ਦਵਾਈ ਪ੍ਰਬੰਧਨ ਪ੍ਰਕਿਰਿਆ
- ਲੈਬ ਦੇ ਨਤੀਜਿਆਂ ਅਤੇ ਦਵਾਈਆਂ ਦੇ ਉਪਚਾਰਾਂ ਤੱਕ ਜਲਦ ਪਹੁੰਚ



ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਸਮੇਤ, ਨਵੀਂ ਪ੍ਰਣਾਲੀ ਬਾਰੇ ਹੋਰ ਜਾਣਨ ਲਈ, ਆਪਣੇ ਦੇਖਭਾਲ ਪ੍ਰਦਾਤਾ ਨੂੰ ਪੁੱਛੋ ਜਾਂ bit.ly/VCH-CSTInfo 'ਤੇ ਜਾਓ।

ਅਰਬੀ | ਸਰਲੀਕ੍ਰਿਤ ਚੀਨੀ | ਪਰੰਪਰਾਗਤ ਚੀਨੀ | ਫ਼ਾਰਸੀ | ਕੋਰੀਆਈ | ਸਪੈਨਿਸ਼ | ਟੈਗਾਲੋਗ | ਵੀਅਤਨਾਮੀ

ਕਲੀਨਿਕਲ ਐਂਡ ਸਿਸਟਮ ਟ੍ਰਾਂਸਫੋਰਮੇਸ਼ਨ (Clinical & Systems Transformation) (CST) ਪ੍ਰੋਜੈਕਟ ਸਿਹਤ ਸੰਭਾਲ ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਵਿੱਚ ਤਬਦੀਲੀ ਕਰੇਗਾ ਤਾਂ ਜੋ ਵੈਨਕੂਵਰ ਕੋਸਟਲ ਹੈਲਥ (Vancouver Coastal Health), ਪ੍ਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥਾਰਿਟੀ (Provincial Health Services Authority) ਅਤੇ ਪ੍ਰੋਵੀਡੈਂਸ ਹੈਲਥ ਕੇਅਰ (Providence Health Care) ਵਿੱਚ ਮਰੀਜ਼ਾਂ ਦੀ ਦੇਖਭਾਲ ਦੀ ਸੁਰੱਖਿਆ, ਗੁਣਵੱਤਾ ਅਤੇ ਇਕਸਾਰਤਾ ਵਿੱਚ ਸੁਧਾਰ ਕੀਤਾ ਜਾ ਸਕੇ।

CLINICAL + SYSTEMS TRANSFORMATION
Our path to smarter, seamless care

Vancouver CoastalHealth

PA - VCH099A (05/24)